# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
# ਪ੍ਰੈਸ ਨੋਟ

## ਤਿਕਸ਼ਨ ਸੂਦ ਵੱਲੋਂ ਵਾਰਡ ਨੰ: 35 ਵਿੱਚ 18.68 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਈਲਾਂ ਦੇ ਕੰਮ ਦੀ ਸ਼ੁਰੂਆਤ

ਹੁਸ਼ਿਆਰਪੁਰ 5 ਸਤੰਬਰ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਨੇ ਅੱਜ ਵਾਰਡ ਨੰ: 35 ਵਿਖੇ 18.68 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਨਾਲ ਬਣਨ ਵਾਲੀਆਂ ਗਲੀਆਂ ਦੇ ਕੰਮ ਦੀ ਸ਼ੁਰਆਤ ਰਿਬਨ ਕੱਟ ਕੇ ਕੀਤੀ।ਨਾਰੀਅਲ ਤੋੜਨ ਦੀ ਰਸਮ ਮੇਅਰ ਸ਼ਿਵ ਸੂਦ ਅਤੇ ਜਿਲਾ ਪ੍ਰਧਾਨ ਭਾਜਪਾ ਡਾ: ਰਮਨ ਘਈ ਨੇ ਅਦਾ ਕੀਤੀ।ਤਿਕਸ਼ਨ ਸੂਦ ਨੇ ਇਸ ਮੋਕੇ ਤੇ ਜਾਣਕਾਰੀ ਦਿਦਿਆਂ ਦਸਿੱਆ ਕਿ ਨਗਰ ਨਿਗਮ ਦੇ ਸਾਰੇ ਵਾਰਡਾਂ ਵਿੱਚ ਵਿਕਾਸ ਕਾਰਜ ਜੰਗੀ ਪੱਧਰ ਤੇ ਕਰਵਾਏ ਜਾ ਰਹੇ ਹਨ।ਪਿਛਲੇ ਦਿਨੀ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਵੱਲੋਂ ਸ਼ਹਿਰ ਦੇ ਸਰਵ ਪੱਖੀ ਵਿਕਾਸ ਲਈ 49 ਕਰੋੜ ਰੁਪਏ ਮੰਨਜੂਰ ਕੀਤੇ ਗਏ ਹਨ ਜਿਸ ਨਾਲ ਵਿਕਾਸ ਕਾਰਜ ਹੋਰ ਤੇਜੀ ਨਾਲ ਕਰਵਾਏ ਜਾਣਗੇ।

ਵਾਰਡ ਨੰਬਰ 35 ਦੇ ਕੋਸਲਰ ਨਿਪੁਨ ਸ਼ਰਮਾ ਨੇ ਮੁਹੱਲਾ ਵਾਸੀਆਂ ਵੱਲੋਂ ਮੇਅਰ ਸ਼ਿਵ ਸੂਦ ਅਤੇ ਨਗਰ ਨਿਗਮ ਦੇ ਅਧਿਕਾਰੀਆਂ ਦਾ ਧੰਨਵਾਦ ਕੀਤਾ। ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਜੇ.ਈ ਲਵਦੀਪ ਸਿੰਘ, ਮੰਡਲ ਪ੍ਰਧਾਨ ਵਿਨੋਦ ਪਰਮਾਰ, ਲਵਲੀ ਪਹਿਲਵਾਨ, ਰਾਮਦੇਵ ਯਾਦਵ, ਚਮਨ ਸਿੱਧੂ, ਮੋਹਿਤ, ਮਨੋਜ਼ ਸ਼ਰਮਾ, ਨਵੀਨ ਪਥਰੀਆਂ, ਰੋਮੀ, ਸ਼ੁਸ਼ੀਲ ਸ਼ਰਮਾ, ਅਰੁਨ ਗੁਪਤਾ, ਰੇਨੂੰ ਰਾਨੀ, ਅੰਜੂ, ਕਿਰਨ, ਅੰਜਲੀ, ਵਿਜੇ ਕੁਮਾਰ, ਨਰੇਸ਼ ਕੁਮਾਰ ਸੋਨੂੰ, ਡਾ: ਸੁਭਾਸ਼ ਧਰਮਪਾਲ, ਸੀਮਾ, ਪੱਪੂ, ਨਰੇਸ਼ ਕੁਮਾਰ ਅਤੇ ਵਾਰਡ ਨਿਵਾਸੀ ਵੀ ਇਸ ਮੋਕੇ ਤੇ ਹਾਜ਼ਰ ਸਨ।